# ਜੀਵੀਏ ਗੁਰਬਾਣੀ ਨਾਲ

## ਚਿੱਤਰ ਮਾਲਾ (ਭਾਗ ਤੀਜਾ)



**ਸਭੁ ਕੋ ਮੀਤੁ ਹਮ ਆਪਨ ਕੀਨਾ**
**ਹਮ ਸਭਨਾ ਕੇ ਸਾਜਨ॥**

I have befriended one and all and
unto all I am a friend.

ਡਾ. ਵਰਿੰਦਰਪਾਲ ਸਿੰਘ

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ

© ATAM PARGAS SOCIAL WELFARE COUNCIL

# ਲਿਖਾਰੀ ਦੀ ਕਲਮ ਤੋਂ

**ਪਿਆਰੇ ਬੱਚਿਓ !**



ਤੁਸੀਂ ਸੱਚਮੁੱਚ ਰੱਬ ਦਾ ਰੂਪ ਹੋ। ਤੁਹਾਡੀ ਕੋਮਲਤਾ, ਨਿਰਵੈਰਤਾ, ਭੋਲਾਪਣ ਅਤੇ ਬੋਲਾਂ ਦੀ ਮਿਠਾਸ ਕਠੋਰ ਹਿਰਦਿਆਂ ਅੰਦਰ ਵੀ ਪਿਆਰ ਦੇ ਚਸ਼ਮੇ ਨੂੰ ਜਨਮ ਦੇ ਦਿੰਦੀ ਹੈ। ਤੁਹਾਡੀਆਂ ਚੰਚਲ ਹਰਕਤਾਂ ਭਾਵੇਂ ਕਈ ਵਾਰ ਮਾਪਿਆਂ ਨੂੰ ਪਰੇਸ਼ਾਨ ਵੀ ਕਰਦੀਆਂ ਹਨ ਪਰ ਫਿਰ ਵੀ ਉਨ੍ਹਾਂ ਦੇ ਪਿਆਰ ਵਿੱਚ ਕਮੀ ਨਹੀਂ ਆਉਂਦੀ। ਤੁਸੀਂ ਹਰ ਪਰਿਵਾਰ ਦਾ ਸ਼ਿੰਗਾਰ ਹੋ, ਹਰ ਪਰਿਵਾਰ ਦੀ ਜਾਨ ਹੋ। ਵਾਹਿਗੁਰੂ ਜੀ ਨੇ ਤੁਹਾਨੂੰ ਐਨਾ ਸੁੰਦਰ ਬਣਾਇਆ ਹੈ ਕਿ ਸਾਰੇ ਤੁਹਾਨੂੰ ਲਾਡ ਪਿਆਰ ਕਰਦਿਆਂ ਰੱਜਦੇ ਨਹੀਂ ਅਤੇ ਤੁਹਾਡੀ ਹਰ ਲੋੜ ਪੂਰੀ ਕਰਨ ਦਾ ਯਤਨ ਕਰਦੇ ਹਨ।

ਪਿਆਰੇ ਬੱਚਿਓ ! ਜੇ ਅਸੀਂ, ਸਾਨੂੰ ਸੁੰਦਰ ਬਣਾਉਣ ਵਾਲੇ ਅਤਿ ਸੁੰਦਰ ਵਾਹਿਗੁਰੂ ਜੀ ਨੂੰ, ਪੱਕਾ ਦੋਸਤ ਬਣਾ ਕੇ ਹਰ ਕੰਮ ਨੂੰ ਵਾਹਿਗੁਰੂ ਜੀ ਦੀ ਭੈ-ਭਾਵਨੀ ਵਿੱਚ ਪੂਰੀ ਮਿਹਨਤ ਨਾਲ ਕਰਨ ਉਪਰੰਤ ਫ਼ੈਸਲਾ ਵਾਹਿਗੁਰੂ ਜੀ ਤੇ ਛੱਡਣ ਦਾ ਸੁਭਾਓ ਬਣਾ ਲਈਏ ਤਾਂ ਉਹ ਸਾਨੂੰ ਹੋਰ ਸੁੰਦਰ ਬਣਾ ਦੇਣਗੇ। ਸਵੇਰੇ ਉੱਠਦਿਆਂ ਸਾਰ ਵਾਹਿਗੁਰੂ ਜੀ ਨੂੰ ਯਾਦ ਕਰਨ ਉਪਰੰਤ, ਇਸ਼ਨਾਨ ਕਰਦਿਆਂ, ਤਿਆਰ ਹੁੰਦਿਆਂ, ਪ੍ਰਸ਼ਾਦਾ ਛਕਦਿਆਂ, ਸਕੂਲ ਜਾਂਦਿਆਂ, ਪੜ੍ਹਦਿਆਂ, ਖੇਡਦਿਆਂ, ਹੋਰ ਸਾਰੇ ਕੰਮ ਕਰਦਿਆਂ ਤੇ ਫੇਰ ਰਾਤ ਨੂੰ ਸੌਣ ਲੱਗਿਆਂ ਜਦੋਂ ਅਸੀਂ ਆਪਣੇ ਮਿੱਤਰ ਵਾਹਿਗੁਰੂ ਜੀ ਨੂੰ ਨਾਲ ਜਾਣਾਂਗੇ ਤਾਂ ਉਹ ਸੱਚਮੁੱਚ ਸਾਡੇ ਸਾਰੇ ਕੰਮਾਂ ਵਿੱਚ ਆਪ ਸਹਾਈ ਹੋਣਗੇ। ਸਾਡੇ ਜੀਵਨ ਨੂੰ ਵਧੇਰੇ ਸੁੰਦਰ ਤੋਂ ਸੁੰਦਰ ਗੁਣਾਂ ਨਾਲ ਸ਼ਿੰਗਾਰ ਦੇਣਗੇ ਅਤੇ ਸਾਰੀ ਲੁਕਾਈ ਸਾਨੂੰ ਪਿਆਰ ਕਰੇਗੀ।

ਪਿਆਰੇ ਬੱਚਿਓ ! ਤੁਹਾਨੂੰ ਉੱਚੀ-ਸੁੱਚੀ ਜੀਵਨ ਜਾਚ ਦ੍ਰਿੜ੍ਹ ਕਰਵਾਉਣ ਲਈ ਸਾਲ 2010 ਵਿੱਚ '**ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ**', '**ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ**' ਅਤੇ '**ਜੀਵੀਏ ਗੁਰਬਾਣੀ ਨਾਲ-ਚਿੱਤਰ-ਮਾਲਾ**' ਪੁਸਤਕਾਂ ਚਾਰ ਭਾਗਾਂ ਵਿੱਚ ਪ੍ਰਕਾਸ਼ਿਤ ਕਰਕੇ ਤੁਹਾਡੀ ਸੇਵਾ ਵਿੱਚ ਭੇਟ ਕੀਤੀਆਂ ਸਨ। ਸੈਂਕੜੇ ਵਿੱਦਿਅਕ ਅਦਾਰਿਆਂ ਵੱਲੋਂ ਇਨ੍ਹਾਂ ਪੁਸਤਕਾਂ ਦੀ ਸਕੂਲ ਸਿਲੇਬਸ ਵਿੱਚ ਸ਼ਮੂਲੀਅਤ ਅਤੇ ਛੋਟੇ ਬੱਚਿਆਂ ਲਈ ਨਵੀਆਂ ਪੁਸਤਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਬਾਲ ਪਾਠਕਾਂ ਲਈ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜੀ ਵਿੱਚ ਦੋ ਭਾਗ) ਸਿਰਲੇਖ ਹੇਠ ਹੋਰ ਨਵੀਆਂ ਪੁਸਤਕਾਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਹਾਸਲ ਕਰ ਰਹੇ ਹਾਂ।

ਪਿਆਰੇ ਬੱਚਿਓ ! ਆਤਮ ਪਰਗਾਸ ਪੁਸਤਕ ਸੀਰੀਜ਼ ਦਾ ਅਧਿਐਨ ਕਰਦਿਆਂ-ਕਰਦਿਆਂ ਜਿੱਥੇ ਤੁਸੀਂ ਦੁਨਿਆਵੀ ਗਿਆਨ ਅਤੇ ਹੁਨਰ ਹਾਸਲ ਕਰੋਗੇ ਉੱਥੇ ਆਪਣੇ ਅਮੀਰ ਵਿਰਸੇ ਨਾਲ ਵੀ ਜੁੜੇ ਰਹੋਗੇ। ਉੱਚ ਵਿੱਦਿਆ ਹਾਸਲ ਕਰਕੇ ਸਚਿਆਰ ਮਨੁੱਖ ਵਜੋਂ ਜਿਊਣ ਦਾ ਅਭਿਆਸ ਕਰਦਿਆਂ ਜਦੋਂ ਆਪ ਜੀ ਦੇ ਨੰਨ੍ਹੇ-ਨੰਨ੍ਹੇ ਕਦਮ ਵੱਡੀਆਂ-ਵੱਡੀਆਂ ਮੰਜ਼ਲਾਂ ਫ਼ਤਿਹ ਕਰਨ ਲਈ ਤਿਆਰ ਹੋ ਜਾਣਗੇ ਤਾਂ ਗੁਰਬਾਣੀ ਨਾਲ ਬਿਤਾਇਆ ਆਪ ਜੀ ਦੇ ਬਚਪਨ ਦਾ ਹਰ ਪਲ ਆਪ ਜੀ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਗਾਵੇਗਾ। ਆਪ ਜੀ ਦਾ ਸਮੁੱਚਾ ਆਲਾ-ਦੁਆਲਾ ਆਪ ਜੀ ਦੇ ਉੱਚੇ-ਸੁੱਚੇ ਜੀਵਨ ਦੀ ਮਹਿਕ ਨਾਲ ਖਿੜ ਕੇ ਸੁਚੱਜੀ ਜੀਵਨ ਜਾਚ ਨੂੰ ਧਾਰਨ ਕਰਨ ਲਈ ਬੇਤਾਬ ਹੋ ਉੱਠੇਗਾ ਤੇ ਤੁਸੀਂ ਵੀ ਧੰਨ ਹੋ ਜਾਓਗੇ।

ਡਾ. ਹਰਿੰਦਰਪਾਲ ਸਿੰਘ

© ATAM PARGAS SOCIAL WELFARE COUNCIL

# ਜੀਵੀਏ ਗੁਰਬਾਣੀ ਨਾਲ

## ਚਿੱਤਰ ਮਾਲਾ (ਭਾਗ ਤੀਜਾ)

ਡਾ. ਵਰਿੰਦਰਪਾਲ ਸਿੰਘ

ATAM PARGAS

ਆਤਮ ਪਰਗਾਸ ਪ੍ਰੋਡਕਸ਼ਨਸ

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

© ATAM PARGAS SOCIAL WELFARE COUNCIL

**JEEVEEY GURBANI NAAL - CHITTAR MALA (Part - III)**

**Author :** Dr. Varinderpal Singh
E-mail : singhvp72@gmail.com

**Vetting of English Translation** : Dr. Charan Kamal Singh

**Artist :** Rajinder Venus

**First Edition :** February, 2010
**Eleventh Edition :** December, 2019

© **All rights reserved**

ANY UNAUTHORIZED REPRODUCTION OR SALE OF THE BOOK IN WHOLE OR IN EXTRACT FORM IS PROHIBITED UNDER THE COPY RIGHT ACT, 1957. DISPUTES WILL BE SETTLED UNDER THE JURISDICTION OF COURTS IN LUDHIANA ONLY.
**ISBN : 978-81-943573-6-0 (Set ISBN : 978-81-943573-5-3)**

**THIS BOOK CONTAINS GURBANI. HANDLE WITH RESPECT.**
ਇਹ ਪੁਸਤਕ ਗੁਰਬਾਣੀ ਅਧਾਰਤ ਹੈ। ਇਸਦੀ ਸੰਭਾਲ ਅਤੇ ਅਧਿਐਨ ਸਤਿਕਾਰ ਸਹਿਤ ਕਰੋ ਜੀ।

THANK YOU FOR PURCHASING THIS BOOK. ATAM PARGAS TEAM IS COMMITTED TO ENLIGHTEN YOUNG SOULS WITH A VISION TO DEVELOP TRUTHFUL HUMAN BEINGS. THE PRICES OF OUR BOOKS ARE DESIGNED TO MEET EXPENDITURES AND ENABLE THE FULFILMENT OF PROJECTS UNDER THE AUSPICES OF ATAM PARGAS SOCIAL WELFARE COUNCIL.

**PUBLISHED BY :**
**ATAM PARGAS PRODUCTIONS**
**ATAM PARGAS SOCIAL WELFARE COUNCIL**
# 99, Preet Vihar, V.P.O. Daad, Pakhowal Road, Ludhiana-142 022
: atampargas@gmail.com
: +91 82880-10531 / 32 / 33
: www.atampargas.org
**Follow us :**

© ATAM PARGAS SOCIAL WELFARE COUNCIL

# ਸਮਰਪਣ

ਨੰਨ੍ਹੇ-ਨੰਨ੍ਹੇ ਬਾਲਾਂ

ਨੂੰ

ਜਿਹੜੇ ਗੁਰਬਾਣੀ ਨਾਲ ਜੀਵਨ ਜਿਊਣ ਦਾ

ਅਭਿਆਸ ਕਰਦਿਆਂ-ਕਰਦਿਆਂ ਧੰਨ ਹੋ ਜਾਣਗੇ

ਅਤੇ

ਆਪਣੇ ਆਲੇ-ਦੁਆਲੇ

ਨੂੰ

ਵੀ ਮਹਿਕਾਂ ਪ੍ਰਦਾਨ ਕਰਨਗੇ।

© ATAM PARGAS SOCIAL WELFARE COUNCIL

# ਗੁਰਬਾਣੀ ਇਸੁ ਜਗ ਮਹਿ ਚਾਨਣੁ



ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਾਇਆ ਦੀ ਦੌੜ ਲੱਗੀ ਹੋਈ ਹੈ। ਕਾਦਰ ਦੀ ਕੁਦਰਤ ਦੇ ਵਿਨਾਸ਼ ਲਈ ਮਨੁੱਖ ਨੇ ਭਿਆਨਕ ਬੰਬ ਤਿਆਰ ਕਰ ਲਏ ਹਨ। ਭਰਾ-ਭਰਾ ਦਾ ਦੁਸ਼ਮਣ ਬਣ ਗਿਆ ਹੈ, ਭੈਣ-ਭਰਾ ਦੇ ਪਿਆਰ ਵਿੱਚ ਤ੍ਰੇੜਾਂ ਪੈ ਚੁੱਕੀਆਂ ਹਨ ਅਤੇ ਜਾਇਦਾਦ ਦੀ ਖ਼ਾਤਰ ਪੁੱਤ ਵੀ ਪਿਓ ਦਾ ਦੁਸ਼ਮਣ ਬਣ ਰਿਹਾ ਹੈ। ਇਹ ਸਭ ਇਸੇ ਲਈ ਵਾਪਰ ਰਿਹਾ ਹੈ ਕਿਉਂਕਿ ਅਸੀਂ ਧਰਮ ਗ੍ਰੰਥਾਂ ਨੂੰ ਸਿਰਫ਼ ਵਿਖਾਵੇ ਜਾਂ ਫਿਰ ਪੂਜਾ ਦੇ ਮੁਆਵਜ਼ੇ ਵਿੱਚ ਦੁਨਿਆਵੀ ਪਦਾਰਥਾਂ ਦੀ ਪੂਰਤੀ ਲਈ ਹੀ ਪੜ੍ਹਦੇ ਹਾਂ। ਧਰਮ ਗ੍ਰੰਥ ਤਾਂ ਜੀਵਨ ਜਾਚ ਸਿਖਾਉਂਦੇ ਹਨ ਪਰ ਅਸੀਂ ਸਿਖਿਆਰਥੀ ਬਣਨ ਦੀ ਜਾਚ ਹੀ ਭੁੱਲ ਗਏ ਹਾਂ। ਗੁਰੂ ਨਾਨਕ ਸਾਹਿਬ ਜੀ ਦੇ ਤਾਂ ਮਾਰਗ ਦਾ ਨਾਮ ਹੀ 'ਸਿੱਖ' ਹੈ ਭਾਵ ਇਸ ਮਾਰਗ ਤੇ ਚੱਲਣ ਵਾਲਾ ਹਰ ਪ੍ਰਾਣੀ 'ਸਿਖਿਆਰਥੀ' ਹੈ। ਗੁਰੂ ਜੀ ਦੀ ਸਿੱਖਿਆ ਦੀ ਮਹਾਨਤਾ ਏਨੀ ਹੈ ਕਿ ਇੱਕ ਸਿੱਖਿਆ ਸੁਣ ਲੈਣ ਨਾਲ ਹੀ ਮੱਤ ਰੌਸ਼ਨ ਹੋ ਜਾਂਦੀ ਹੈ ਅਤੇ ਸਮਝ ਲੱਗ ਜਾਂਦੀ ਹੈ ਕਿ ਸਾਰੇ ਜੀਵਾਂ ਦਾ ਦਾਤਾ ਇੱਕ ਪਰਮਾਤਮਾ ਹੀ ਹੈ ਅਤੇ ਸਾਨੂੰ ਉਸ ਪਰਮਾਤਮਾ ਨੂੰ ਕਦੀ ਵੀ ਨਹੀਂ ਭੁਲਾਉਣਾ ਚਾਹੀਦਾ। ਗੁਰ ਫ਼ਰਮਾਨ ਹੈ:

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**
**ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੨)

ਸਰਬੱਤ ਦੇ ਭਲੇ ਲਈ ਗੁਰਬਾਣੀ ਦੇ ਸੁਨੇਹਿਆਂ ਨੂੰ ਲੁਕਾਈ ਤੱਕ ਪਹੁੰਚਾਉਣ ਲਈ ਸਾਰਥਿਕ ਉਪਰਾਲਿਆਂ ਦੀ ਲੋੜ ਹੈ। ਸਤਿਗੁਰੂ ਜੀ ਨੇ ਡਾ. ਵਰਿੰਦਰਪਾਲ ਸਿੰਘ ਜੀ ਤੇ ਬਖ਼ਸ਼ਸ਼ ਕਰਕੇ ਵਿਦਿਆਰਥੀਆਂ ਨੂੰ ਸਚਿਆਰ ਮਨੁੱਖ ਬਣਾਉਣ ਦੇ ਉਦੇਸ਼ ਨਾਲ ਸਕੂਲ ਸਿਲੇਬਸ ਵਿੱਚ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਲਈ ਗੁਰਬਾਣੀ ਤੇ' ਅਧਾਰਿਤ ਨਵੇਕਲੀਆਂ ਪੁਸਤਕਾਂ ਲਿਖਵਾਉਣ ਦਾ ਕਾਰਜ ਅਰੰਭ ਕਰਵਾਇਆ ਹੈ। ਇਨ੍ਹਾਂ ਪੁਸਤਕਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਪੁਸਤਕਾਂ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦਾ ਅਧਿਐਨ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ ਗੁਣਾਂ ਦੀ ਪ੍ਰਫੁੱਲਤਾ ਲਈ ਉਚੇਚੇ ਤੌਰ ਤੇ ਸਹਾਈ ਹੁੰਦੀਆਂ ਹਨ। ਡਾ. ਵਰਿੰਦਰਪਾਲ ਸਿੰਘ ਵੱਲੋਂ 2010 ਵਿੱਚ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਲਿਖੀਆਂ ਗਈਆਂ ਇੱਕ ਦਰਜਨ ਪੁਸਤਕਾਂ ਨੂੰ ਵਿੱਦਿਅਕ ਅਦਾਰਿਆਂ ਨੇ ਬੇਹੱਦ ਪਸੰਦ ਕੀਤਾ ਹੈ। ਮੈਨੂੰ ਖ਼ੁਸ਼ੀ ਹੈ ਕਿ ਉਨ੍ਹਾਂ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿੱਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿੱਚ ਭੇਟ ਕੀਤੀਆਂ ਹਨ।

ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਡਾ. ਵਰਿੰਦਰਪਾਲ ਸਿੰਘ ਜੀ ਅਤੇ ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵਧਾਈ ਦੇ ਪਾਤਰ ਹਨ। ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ ਆਪਣੇ ਸਕੂਲਾਂ ਦੇ ਸਿਲੇਬਸ ਵਿੱਚ ਆਤਮ ਪਰਗਾਸ ਪ੍ਰਕਾਸ਼ਨਾਵਾਂ ਨੂੰ ਸ਼ਾਮਲ ਕਰਕੇ ਮਾਣ ਮਹਿਸੂਸ ਕਰਦੀ ਹੈ। ਆਤਮ ਪਰਗਾਸ ਵੱਲੋਂ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਦੇ ਫ਼ਖਰ ਦਾ ਅਹਿਸਾਸ ਕਰਵਾ ਕੇ ਸਚਿਆਰ ਮਨੁੱਖਾਂ ਵਜੋਂ ਵਿਕਸਿਤ ਕਰਨ ਲਈ ਉਲੀਕੇ ਗਏ ਵਿਉਂਤਬੰਦ ਉੱਦਮ ਦੀ ਸਫ਼ਲਤਾ ਲਈ ਸਾਨੂੰ ਸਾਰਿਆਂ ਨੂੰ ਆਪੋ-ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮੈਂ ਆਸ ਕਰਦੀ ਹਾਂ ਕਿ ਸਮੂਹ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਸਿਲੇਬਸ ਦਾ ਹਿੱਸਾ ਬਣਾ ਕੇ ਭਰਪੂਰ ਲਾਭ ਪ੍ਰਾਪਤ ਕਰਨਗੇ ਅਤੇ ਇਸ ਮਹੱਤਵਪੂਰਨ ਕਾਰਜ ਨੂੰ ਭੇਟ ਦੇ ਰੂਪ ਵਿੱਚ ਪ੍ਰਵਾਨ ਕਰਨਗੇ।

**ਡਾ. ਇੰਦਰਜੀਤ ਕੌਰ**
ਸਰਪ੍ਰਸਤ, ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਅਤੇ
ਪ੍ਰਧਾਨ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਸ੍ਰੀ ਅੰਮ੍ਰਿਤਸਰ

© ATAM PARGAS SOCIAL WELFARE COUNCIL

**ਪ੍ਰਕਾਸ਼ਨਾ ਮਨੋਰਥ**

# ਗੁਰਮਤਿ ਸੰਗ, ਉਸਾਰੀਏ ਬਚਪਨ



ਅਜੋਕੇ ਸਮੇਂ ਦੀ ਪਦਾਰਥਵਾਦੀ ਭੱਜ-ਦੌੜ ਵਿੱਚ ਧਰਮ ਨੂੰ ਸੰਸਾਰੀ ਲੋੜਾਂ ਦੀ ਪੂਰਤੀ ਲਈ ਸਿਰਫ਼ ਇੱਕ ਹੱਥ-ਕੰਡੇ ਵਜੋਂ ਹੀ ਵਰਤਿਆ ਜਾ ਰਿਹਾ ਹੈ। ਸਿੱਟੇ ਵਜੋਂ ਅਸੀਂ ਇਤਿਹਾਸ ਨੂੰ ਵੀ ਮਿੱਥਾਂ ਦੇ ਭਰਮਜਾਲ ਵਿੱਚ ਲਪੇਟ ਰਹੇ ਹਾਂ। ਮਨੁੱਖ ਕੋਲੋਂ ਉਸ ਦੀ ਮਨੁੱਖਤਾ ਖੋਹ ਕੇ ਦਾਨਵੀ ਅਤੇ ਪਸ਼ੂ ਬਿਰਤੀਆਂ ਨਾਲ ਭਰਪੂਰ ਜੀਵਨ ਨੂੰ ਆਦਰਸ਼ ਬਣਾਇਆ ਜਾਣਾ ਭਾਰੂ ਵਰਤਾਰਾ ਹੈ। ਵਿਕਾਸ ਦੇ ਨਾਂ 'ਤੇ ਵਿਨਾਸ਼ ਦਾ ਇਹ ਖੇਲ ਨਸ਼ਿਆਂ, ਦੁਰਵਿਹਾਰ, ਅਨੁਸ਼ਾਸ਼ਨਹੀਣਤਾ ਅਤੇ ਵਿਕ੍ਰਿਤ ਕਾਮ ਰੁਚੀਆਂ ਦੇ ਰੂਪ ਵਿੱਚ ਨਿਸੰਗ ਜਾਰੀ ਹੈ। ਪੱਛਮੀ ਜੀਵਨ-ਜਾਚ ਲੰਮਾ ਸਮਾਂ ਪੂਰਬ ਵੱਲ ਵੇਖ ਕੇ ਉਤਸ਼ਾਹ ਪ੍ਰਾਪਤ ਕਰਦੀ ਆ ਰਹੀ ਹੈ ਪਰ ਹੁਣ ਉਲਟੀ ਗੰਗਾ ਵਹਿਣੀ ਦੁਖਦਾਈ ਹੈ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਇਸ ਹਾਲਾਤ ਦੇ ਮੱਦੇ ਨਜ਼ਰ ਸਮਾਜਿਕ ਵਿਕਾਸ ਦੀ ਸਹੀ ਦਿਸ਼ਾ ਦੀ ਤਲਾਸ਼ ਕਰਨ ਵਾਲੀ ਸੰਸਥਾ ਹੈ। ਅਸੀਂ ਮਨੁੱਖੀ ਆਚਰਨ ਦੀ ਆਦਰਸ਼ ਘਾੜਤ ਘੜਨ ਦਾ ਅਰੰਭ ਬਚਪਨ ਦੀ ਉਸ ਅਵਸਥਾ ਵਿੱਚ ਕਰਨ ਦੇ ਹਾਮੀ ਹਾਂ, ਜਦੋਂ ਬੱਚਾ ਸੰਸਾਰ ਦੇ ਵਰਤਾਰਿਆਂ ਨੂੰ ਇੱਕ ਜਗਿਆਸੂ ਦੀ ਨੀਝ ਨਾਲ ਵੇਖ ਰਿਹਾ ਹੁੰਦਾ ਹੈ ਅਤੇ ਉਸ ਦੇ ਮਨ ਦੀ ਕੋਰੀ ਸਲੇਟ ਉੱਪਰ ਕੁਝ ਸਦੀਵੀ ਅੱਖਰ ਲਿਖੇ ਜਾਣ ਦਾ ਸਹੀ ਸਮਾਂ ਹੁੰਦਾ ਹੈ। ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਨੇ ਇਸ ਉਮਰ ਦੇ ਬੱਚਿਆਂ ਨੂੰ ਖੇਡ ਪੁਸਤਕਾਂ ਰਾਹੀਂ ਆਪਣੇ ਅਮੀਰ ਵਿਰਸੇ ਅਤੇ ਆਦਰਸ਼ ਆਚਰਨ ਨਾਲ ਜੋੜਨ ਦਾ ਸੁਪਨਾ ਪਾਲਿਆ ਹੋਇਆ ਹੈ।

ਇਸ ਬੁਨਿਆਦੀ ਲੋੜ ਨੂੰ ਪੂਰਿਆਂ ਕਰਨ ਲਈ ਡਾ. ਵਰਿੰਦਰਪਾਲ ਸਿੰਘ ਜੀ ਦੁਆਰਾ ਰਚਿਤ ਇੱਕ ਦਰਜਨ ਖੇਡ ਪੁਸਤਕਾਂ ਦੀ ਸੀਰੀਜ਼ ਨੂੰ ਸਾਲ 2010 ਦੌਰਾਨ **ਜੀਵੀਏ ਗੁਰਬਾਣੀ ਨਾਲ** ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਗਿਆ ਸੀ। ਦੂਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਚਾਰ-ਚਾਰ ਭਾਗਾਂ ਵਿੱਚ ਪ੍ਰਕਾਸ਼ਿਤ ਕੀਤੀਆਂ **ਜੀਵੀਏ ਗੁਰਬਾਣੀ ਨਾਲ-ਸੁਲੇਖ ਮਾਲਾ, ਜੀਵੀਏ ਗੁਰਬਾਣੀ ਨਾਲ-ਰੰਗ ਮਾਲਾ** ਅਤੇ **ਜੀਵੀਏ ਗੁਰਬਾਣੀ ਨਾਲ-ਚਿੱਤਰ ਮਾਲਾ** ਨੂੰ ਸੈਂਕੜੇ ਵਿੱਦਿਅਕ ਅਦਾਰਿਆਂ ਨੇ ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕਰਕੇ ਭਾਰੀ ਉਤਸ਼ਾਹ ਦਿਖਾਇਆ ਹੈ। ਵਿੱਦਿਅਕ ਅਦਾਰਿਆਂ ਵੱਲੋਂ ਵਿਦਿਆਰਥੀਆਂ ਲਈ ਨਵੀਆਂ ਪੁਸਤਕਾਂ ਦੀ ਨਿਰੰਤਰ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਡਾ. ਵਰਿੰਦਰਪਾਲ ਸਿੰਘ ਜੀ ਨੇ ਇੱਕ ਹੋਰ ਹੰਭਲਾ ਮਾਰ ਕੇ ਇੱਕ ਦਰਜਨ ਤੋਂ ਵੀ ਵੱਧ ਹੋਰ ਨਵੀਆਂ ਪੁਸਤਕਾਂ **ਗੁਰਮੁਖੀ ਅੱਖਰ ਕਾਰਡ** (ਦੋ ਭਾਗ), **ਗੁਰਮੁਖੀ ਅੱਖਰ ਗਿਆਨ**, **ਗੁਰਮੁਖੀ ਅੱਖਰ ਅਭਿਆਸ**, **ਪੰਜਾਬੀ ਅਭਿਆਸ ਪੁਸਤਕ** (ਚਾਰ ਭਾਗ), **ਆਤਮ ਪਰਗਾਸ ਆਰਟ ਬੁੱਕ** (ਦੋ ਭਾਗ), **ਆਤਮ ਪਰਗਾਸ ਸਕਰੈਪ ਬੁੱਕ** (ਦੋ ਭਾਗ), **ਸਿੱਖ ਇਤਿਹਾਸ ਕਾਰਡ** (ਪੰਜਾਬੀ ਵਿੱਚ ਦੋ ਭਾਗ) ਅਤੇ **ਸਿੱਖ ਹਿਸਟਰੀ ਕਾਰਡ** (ਅੰਗਰੇਜ਼ੀ ਵਿੱਚ ਦੋ ਭਾਗ) ਬਾਲ ਪਾਠਕਾਂ ਦੀ ਸੇਵਾ ਵਿੱਚ ਭੇਟ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਦੀ ਸਹਾਇਤਾ ਦੇ ਨਾਲ ਬੱਚੇ ਖੇਡ-ਖੇਡ ਵਿੱਚ ਹੀ ਨਾ ਸਿਰਫ਼ ਆਪਣੀ ਮਾਂ ਬੋਲੀ, ਸਹੀ ਸ਼ਬਦ ਜੋੜ ਅਤੇ ਗੁਰਬਾਣੀ ਦੀ ਸ਼ਬਦਾਵਲੀ ਤੋਂ ਵਾਕਫ਼ ਹੋ ਜਾਣਗੇ ਸਗੋਂ ਅਮੀਰ ਵਿਰਸੇ ਤੋਂ ਸੇਧ ਲੈ ਕੇ ਚੰਗੇ ਨਾਗਰਿਕ ਬਣਨ ਦੇ ਯੋਗ ਵੀ ਹੋ ਸਕਣਗੇ।

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵੱਲੋਂ ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਦੀ ਖੁਸ਼ੀ ਹਾਸਲ ਕਰਦਿਆਂ ਅਸੀਂ ਵਾਹਿਗੁਰੂ ਜੀ ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਸ ਸੇਵਾ ਦਾ ਸੁਭਾਗ ਬਖ਼ਸ਼ਸ਼ ਕੀਤਾ ਹੈ। ਇਨ੍ਹਾਂ ਪੁਸਤਕਾਂ ਦੀ ਪ੍ਰਕਾਸ਼ਨਾ ਲਈ ਮੈਂ ਸਮੂਹ ਆਤਮ ਪਰਗਾਸ ਪਰਿਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਦੇ ਉਤਸ਼ਾਹੀ ਸਹਿਯੋਗ ਅਤੇ ਕੀਮਤੀ ਸੁਝਾਵਾਂ ਨਾਲ ਇਹ ਕਾਰਜ ਸਫ਼ਲਤਾ ਸਹਿਤ ਸੰਪੂਰਨ ਹੋਇਆ ਹੈ। ਆਸ ਕਰਦੇ ਹਾਂ ਕਿ ਵਿੱਦਿਅਕ ਅਦਾਰਿਆਂ ਦੇ ਪ੍ਰਬੰਧਕ, ਆਤਮ ਪਰਗਾਸ ਵੱਲੋਂ ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਪ੍ਰਕਾਸ਼ਿਤ ਕੀਤੀਆਂ ਇਨ੍ਹਾਂ ਪੁਸਤਕਾਂ ਨੂੰ ਆਪੋ-ਆਪਣੇ ਪਾਠਕ੍ਰਮ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਦੀ ਜ਼ੁੰਮੇਵਾਰੀ ਨਿਭਾਉਣ ਲਈ ਭਰਪੂਰ ਲਾਭ ਪ੍ਰਾਪਤ ਕਰ ਸਕਣਗੇ।

**ਡਾ. ਨਛੱਤਰ ਸਿੰਘ**
ਡਾਇਰੈਕਟਰ, ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ
ਅਤੇ ਸਾਬਕਾ ਉਪ-ਕੁਲਪਤੀ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ

© ATAM PARGAS SOCIAL WELFARE COUNCIL

# ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ!

## ਪਿਆਰੇ ਬੱਚਿਓ!

ਆਪਣੇ ਪਿਆਰੇ ਦੀ ਦਿੱਤੀ ਹੋਈ ਨਿੱਕੀ ਜਿਹੀ ਵਸਤੂ ਵੀ ਸਾਡੇ ਲਈ ਬਹੁਤ ਕੀਮਤੀ ਹੁੰਦੀ ਹੈ ਅਤੇ ਅਸੀਂ ਉਸਨੂੰ ਸੰਭਾਲ-ਸੰਭਾਲ ਕੇ ਰੱਖਦੇ ਹਾਂ। 'ਜੀਵੀਏ ਗੁਰਬਾਣੀ ਨਾਲ' ਪੁਸਤਕ ਸੀਰੀਜ਼ ਵਿੱਚ ਆਪ ਜੀ ਦੁਆਰਾ ਸਜਾਏ ਜਾਣ ਵਾਲੇ ਇਲਾਹੀ ਫ਼ਰਮਾਨ ਪਰਮਾਤਮਾ ਦੇ ਪਿਆਰਿਆਂ ਦੀ ਬਾਣੀ ਹੈ। ਰੱਬੀ ਰੰਗ ਵਿੱਚ ਰੰਗੇ ਮਹਾਂਪੁਰਖਾਂ ਦੇ ਇਨ੍ਹਾਂ ਬੋਲਾਂ ਵਿੱਚ ਮੁਰਦਾ ਰੂਹਾਂ ਨੂੰ ਦੈਵੀ ਗੁਣਾਂ ਨਾਲ ਸਰਸ਼ਾਰ ਕਰ ਦੇਣ ਦੀ ਸਮਰੱਥਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਉਪਦੇਸ਼ ਦੁਨੀਆਂ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਹਨ, ਜਿਨ੍ਹਾਂ ਦਾ ਮੁੱਲ ਦਿੱਤਾ ਹੀ ਨਹੀਂ ਜਾ ਸਕਦਾ। ਕੋਈ ਭੇਟਾ ਜੇ ਅਸੀਂ ਦੇ ਸਕਦੇ ਹਾਂ ਤਾਂ ਉਹ ਗੁਰਬਾਣੀ ਦਾ ਸਤਿਕਾਰ ਅਤੇ ਜੀਵਨ ਵਿੱਚ ਕਮਾਈ ਹੀ ਹੋ ਸਕਦੀ ਹੈ। ਇਸ ਲਈ ਇਨ੍ਹਾਂ ਪੁਸਤਕਾਂ ਦੀ ਸੰਭਾਲ ਅਤੇ ਅਧਿਐਨ ਪੂਰਨ ਸਤਿਕਾਰ ਅਤੇ ਸ਼ਰਧਾ ਨਾਲ ਕਰਨਾ ਹੈ ਅਤੇ ਇਹ ਪੁਸਤਕਾਂ ਸਦਾ ਲਈ ਆਪਣੀ ਨਿੱਜੀ ਲਾਇਬ੍ਰੇਰੀ ਵਿੱਚ ਸੰਭਾਲ ਕੇ ਰੱਖਣੀਆਂ ਹਨ। ਇਹ ਸੰਭਾਲ ਤੁਹਾਡੇ ਲਈ ਯਾਦਗਾਰੀ ਅਤੇ ਵਡਮੁੱਲੀ ਹੋਵੇਗੀ। ਵੱਡੇ ਹੋ ਕੇ ਜਦੋਂ ਵੀ ਤੁਸੀਂ ਇਨ੍ਹਾਂ ਪੁਸਤਕਾਂ ਰਾਹੀਂ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਲਿਖਾਈ ਅਤੇ ਕਲਾ ਕ੍ਰਿਤ ਦੇ ਵਿਕਾਸ ਨੂੰ ਦੇਖੋਗੇ ਤਾਂ ਇੱਕ ਵਿਸ਼ੇਸ਼ ਅਨੰਦ ਅਨੁਭਵ ਹੋਵੇਗਾ ਅਤੇ ਨਿੱਕੀ ਉਮਰੇ ਸਿੱਖੇ ਰੱਬੀ ਸਿਧਾਂਤ ਵੀ ਤਾਜ਼ੇ ਰਹਿਣਗੇ।

© ATAM PARGAS SOCIAL WELFARE COUNCIL

# ਪਾਠ ਸੂਚੀ


| ਪਾਠ ਨੰ: | ਵਿਸ਼ਾ | ਪੰਨਾ |
|---|---|---|
| ੧. | ਸਭਨਾਂ ਨਾਲ ਪਿਆਰ ਕਰਨ ਸਮੇਂ | ੮-੯ |
| ੨. | ਸਿੱਖ ਧਰਮ ਦੇ ਮੁਢਲੇ ਸਿਧਾਂਤ ਸਮਝਣ ਸਮੇਂ | ੧੦-੧੧ |
| ੩. | ਮੋਹਲ਼ੇਧਾਰ ਵਰਖਾ ਦੇ ਨਜ਼ਾਰੇ ਦੇਖਣ ਸਮੇਂ | ੧੨-੧੩ |
| ੪. | ਸੁੰਦਰ ਘਰ ਦੇ ਸੁੱਖ ਮਾਣਨ ਸਮੇਂ | ੧੪-੧੫ |
| ੫. | ਬਜ਼ੁਰਗਾਂ ਦੀ ਸੇਵਾ ਕਰਨ ਸਮੇਂ | ੧੬-੧੭ |
| ੬. | ਗੁਰਬਾਣੀ ਸਿਖਾਉਣ ਦੀ ਸੇਵਾ ਕਰਨ ਸਮੇਂ | ੧੮-੧੯ |
| ੭. | ਆਪਣੀ ਦੌਲਤ ਤੇ ਮਾਣ ਹੋਣ ਸਮੇਂ | ੨੦-੨੧ |
| ੮. | ਸਾਕਤ (ਪਰਮਾਤਮਾ ਨਾਲੋਂ ਟੁੱਟੇ ਮਨੁੱਖ) ਦੀ ਸੰਗਤ ਤੋਂ ਮਨ ਨੂੰ ਵਰਜਣ ਸਮੇਂ | ੨੨-੨੩ |
| ੯. | ਮਨ ਵਿੱਚ ਦੂਸਰਿਆਂ ਨਾਲ ਧੋਖਾ ਕਰਨ ਦਾ ਫੁਰਨਾ ਫੁਰਨ ਸਮੇਂ | ੨੪-੨੫ |
| ੧੦. | ਕਿਸੇ ਧੋਖੇ ਦੇ ਡਰ ਸਮੇਂ | ੨੬-੨੭ |
| ੧੧. | ਸੇਵਾ ਔਖੀ ਲੱਗਣ ਸਮੇਂ | ੨੮-੨੯ |
| ੧੨. | ਸੇਵਾ ਕਰਨ ਦੀ ਜੁਗਤ ਅਤੇ ਮਹੱਤਤਾ ਸਮਝਣ ਸਮੇਂ | ੩੦-੩੧ |
| ੧੩. | ਰੋਜ਼ੀ-ਰੋਟੀ ਦੇ ਫ਼ਿਕਰ ਸਮੇਂ | ੩੨-੩੩ |
| ੧੪. | ਪਰਾਈ ਵਸਤੂ ਦੀ ਲਾਲਸਾ ਸਮੇਂ | ੩੪-੩੫ |
| ੧੫. | ਅੰਮ੍ਰਿਤ ਦੀ ਬਖ਼ਸ਼ਸ਼ ਪ੍ਰਾਪਤ ਕਰਨ ਸਮੇਂ | ੩੬-੩੭ |
| ੧੬. | ਸ਼ਸਤਰਾਂ ਦੀ ਮਹੱਤਤਾ ਸਮਝਣ ਸਮੇਂ | ੩੮-੩੯ |
| ੧੭. | ਆਪਣੀ ਕਿਰਤ ਕਮਾਈ ਦਾ ਦਸਵੰਧ ਕੱਢਣ ਸਮੇਂ | ੪੦-੪੧ |
| ੧੮. | ਧਰਤੀ ਦੇ ਸਹਾਰੇ ਦਾ ਗਿਆਨ ਹਾਸਲ ਕਰਨ ਸਮੇਂ | ੪੨-੪੩ |
| ੧੯. | ਬੁਰੇ ਦਾ ਭਲਾ ਕਰਨ ਸਮੇਂ | ੪੪-੪੫ |
| ੨੦. | ਮਨ ਦੇ ਫਿੱਕਾ ਬੋਲਣ ਲਈ ਉਤਾਵਲੇ ਹੋਣ ਸਮੇਂ | ੪੬-੪੭ |
| ੨੧. | ਮਿੱਤਰ ਬਣਾਉਣ ਸਮੇਂ | ੪੮-੪੯ |
| ੨੨. | ਰਹਿਤ ਦੀ ਮਹੱਤਤਾ ਸਮਝਣ ਸਮੇਂ | ੫੦-੫੧ |
| ੨੩. | ਵੈਰੀ ਦੀ ਸਹਾਇਤਾ ਕਰਨ ਸਮੇਂ | ੫੨-੫੩ |
| ੨੪. | ਜ਼ਾਲਮ ਨਾਲ ਨਜਿੱਠਣ ਸਮੇਂ | ੫੪-੫੫ |
| ੨੫. | ਸਾਰਿਆਂ ਨੂੰ ਪਰਮਾਤਮਾ ਦਾ ਨਾਮ ਜਪਣ ਦੀ ਅਜ਼ਾਦੀ ਦਾ ਸਿਧਾਂਤ ਦ੍ਰਿੜ੍ਹਾਉਣ ਸਮੇਂ | ੫੬-੫੭ |
| ੨੬. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿੱਚ ਆਪਾ ਸਮਰਪਣ ਕਰਨ ਸਮੇਂ | ੫੮-੫੯ |
| ੨੭. | ਪੁੰਨ ਅਤੇ ਪਾਪ ਦਾ ਭੇਦ ਸਮਝਣ ਸਮੇਂ | ੬੦-੬੧ |
| ੨੮. | ਅੰਮ੍ਰਿਤ ਵੇਲੇ ਦੇ ਸਿਮਰਨ ਦੀ ਮਹੱਤਤਾ ਸਮਝਣ ਸਮੇਂ | ੬੨-੬੩ |
| ੨੯. | ਹੱਥੀਂ ਸੇਵਾ ਕਰਨ ਦੀ ਮਹੱਤਤਾ ਸਮਝਣ ਸਮੇਂ | ੬੪-੬੫ |
| ੩੦. | ਦੂਸਰਿਆਂ ਦੀਆਂ ਭੁੱਲਾਂ ਬਖ਼ਸ਼ਣ ਸਮੇਂ | ੬੬-੬੭ |
| ੩੧. | ਪ੍ਰਸ਼ਨ ਪੱਤਰ | ੬੮ |


© ATAM PARGAS SOCIAL WELFARE COUNCIL

# ੧. ਸਭਨਾਂ ਨਾਲ ਪਿਆਰ ਕਰਨ ਸਮੇਂ

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

© ATAM PARGAS SOCIAL WELFARE COUNCIL

# ੧. ਸਭਨਾਂ ਨਾਲ ਪਿਆਰ ਕਰਨ ਸਮੇਂ

## ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੬੭੧)



ਮੈਂ ਸਾਰਿਆਂ ਨੂੰ ਆਪਣਾ ਮਿੱਤਰ ਬਣਾ ਲਿਆ ਹੈ ਅਤੇ ਮੈਂ ਭੀ ਸਭਨਾ ਦਾ ਸੱਜਣ (ਮਿੱਤਰ) ਹਾਂ।

I have befriended one and all and unto all I am a friend.

ਉੱਪਰ ਲਿਖੀਆਂ ਤੁਕਾਂ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਨ ਕਰਦੇ ਹਨ ਕਿ ਮੈਂ ਸਾਰਿਆਂ ਨੂੰ ਆਪਣਾ ਮਿੱਤਰ ਬਣਾ ਲਿਆ ਹੈ, ਮੈਨੂੰ ਕੋਈ ਓਪਰਾ ਨਜ਼ਰ ਨਹੀਂ ਆਉਂਦਾ ਅਤੇ ਮੈਂ ਵੀ ਸਾਰਿਆਂ ਦਾ ਮਿੱਤਰ ਬਣ ਗਿਆ ਹਾਂ। ਇਨ੍ਹਾਂ ਸਤਰਾਂ ਰਾਹੀਂ ਗੁਰੂ ਜੀ ਖ਼ਾਲਕ ਨੂੰ ਉਸਦੀ ਖ਼ਲਕਤ ਵਿੱਚੋਂ ਦੇਖਦੇ ਹੋਏ, ਸਭਨਾਂ ਨਾਲ ਮਿੱਤਰਤਾਈ ਦਾ ਉਪਦੇਸ਼ ਦਿੰਦੇ ਹਨ। ਗੁਰਬਾਣੀ ਰਾਹੀਂ ਦਿੱਤੇ ਅਪਣੱਤ ਦੇ ਇਸ ਸੰਦੇਸ਼ ਨੂੰ ਉਨ੍ਹਾਂ ਕੇਵਲ ਕਹਿਣ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਵੱਖ-ਵੱਖ ਧਰਮਾਂ ਦੇ ਮਹਾਂਪੁਰਖਾਂ ਦੀ ਬਾਣੀ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਕਾਰ ਸਹਿਤ ਸ਼ਾਮਲ ਕਰਕੇ ਮਨੁੱਖਤਾ ਨੂੰ ਏਕੇ ਦੀ ਲੜੀ ਵਿੱਚ ਪਰੋਇਆ ਹੈ। ਕਹਿਣੀ ਅਤੇ ਕਥਨੀ ਦੇ ਪੂਰੇ ਅਜਿਹੇ ਸਤਿਗੁਰੂ ਜੀ ਦੀ ਬਾਣੀ ਨਾਲ ਜੁੜਕੇ ਜੇ ਸਾਰਾ ਸੰਸਾਰ ਗੁਰਬਾਣੀ ਅਨੁਸਾਰੀ ਜੀਵਨ ਜੁਗਤ ਦਾ ਧਾਰਨੀ ਹੋ ਜਾਵੇ ਤਾਂ ਸਾਰੇ ਝਗੜੇ ਮੁੱਕ ਜਾਣਗੇ ਅਤੇ ਸਾਰੇ ਜੀਵ ਇੱਕ ਹੀ ਪਰਿਵਾਰ ਦੇ ਮੈਂਬਰ ਬਣ ਕੇ ਇੱਕ-ਦੂਜੇ ਦੇ ਸੱਜਣ ਬਣ ਜਾਣਗੇ। ਇਸ ਮਿੱਤਰਤਾਈ ਭਰੇ ਮਾਹੌਲ ਵਿੱਚ ਜਦੋਂ ਸਾਡੇ ਮਨਾਂ 'ਚੋਂ ਪਿਆਰ ਦੇ ਚਸ਼ਮੇਂ ਫੁੱਟਣਗੇ ਤਾਂ ਇਹ ਸੰਸਾਰ ਬੈਕੁੰਠ ਬਣ ਜਾਵੇਗਾ।

ਪਿਆਰੇ ਬੱਚਿਓ! ਅਗਲੇ ਪੰਨਿਆਂ 'ਤੇ ਦਿੱਤੀ ਖਾਲੀ ਥਾਂ ਉਪਰ ਉਪਰੋਕਤ ਦੀ ਤਰ੍ਹਾਂ ਸੰਬੰਧਿਤ ਵਿਸ਼ੇ ਦੀ ਵਿਆਖਿਆ ਕਰਦੀਆਂ ਸਤਰਾਂ ਲਿਖੋ ਜੀ।

© ATAM PARCAS SOCIAL WELFARE COUNCIL

# ੨. ਸਿੱਖ ਧਰਮ ਦੇ ਮੁਢਲੇ ਸਿਧਾਂਤ ਸਮਝਣ ਸਮੇਂ

## ਕਿਰਤ ਕਰੋ - ਨਾਮ ਜਪੋ - ਵੰਡ ਛਕੋ।

© ATAM PARGAS SOCIAL WELFARE COUNCIL

# ਕਿਰਤ ਕਰੋ - ਨਾਮ ਜਪੋ - ਵੰਡ ਛਕੋ।

(ਸ੍ਰੀ ਗੁਰੂ ਨਾਨਕ ਦੇਵ ਜੀ)




ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੁਢਲਾ ਉਪਦੇਸ਼ ਹੈ ਕਿ ਧਰਮ ਦੀ ਕਿਰਤ ਕਰਦਿਆਂ ਚਿੱਤ ਵਿੱਚ ਪਰਮਾਤਮਾ ਦਾ ਸਿਮਰਨ ਕਰੋ ਅਤੇ ਆਪਣੀ ਨੇਕ ਕਮਾਈ ਦਾ ਦਸਵੰਧ ਲੋੜਵੰਦਾਂ ਦੀ ਸੇਵਾ ਲਈ ਅਰਪਣ ਕਰੋ।

The three basic tenets of Sikhism are to earn livelihood by honest means, to contemplate God's Name and to share part of one's earnings with the needy.

© ATAM PARGAS SOCIAL WELFARE COUNCIL

# ੫. ਬਜ਼ੁਰਗਾਂ ਦੀ ਸੇਵਾ ਕਰਨ ਸਮੇਂ


ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥

© ATAM PARGAS SOCIAL WELFARE COUNCIL

# ੫. ਬਜ਼ੁਰਗਾਂ ਦੀ ਸੇਵਾ ਕਰਨ ਸਮੇਂ

## ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥

(ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੬੬)



ਜਦੋਂ ਮਾਤਾ-ਪਿਤਾ ਬਜ਼ੁਰਗ ਹੋ ਜਾਂਦੇ ਹਨ ਤਾਂ ਸੰਬੰਧੀ ਅਤੇ ਮਿੱਤਰ ਉਨ੍ਹਾਂ ਨੂੰ ਬੈਠਿਆਂ ਹੀ ਛਕਣ ਲਈ ਭੋਜਨ ਦਿੰਦੇ ਹਨ। (ਇਹ ਬੱਚਿਆਂ ਦਾ ਫ਼ਰਜ਼ ਹੈ।)

As parents grow old they are looked after by their relatives and friends. (Children are obliged to take care of their elderly parents.)

© ATAM PARGAS SOCIAL WELFARE COUNCIL

# ੬. ਗੁਰਬਾਣੀ ਸਿਖਾਉਣ ਦੀ ਸੇਵਾ ਕਰਨ ਸਮੇਂ

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ   ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।



© ATAM PARGAS SOCIAL WELFARE COUNCIL

# ੬. ਗੁਰਬਾਣੀ ਸਿਖਾਉਣ ਦੀ ਸੇਵਾ ਕਰਨ ਸਮੇਂ

## ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।

(ਭਾਈ ਗੁਰਦਾਸ ਜੀ, ਕਬਿਤ ੬੭੩)



ਸਿੱਖ ਨੂੰ ਗੁਰਬਾਣੀ ਦਾ ਇੱਕ ਸ਼ਬਦ ਸਿਖਾਉਣ ਦਾ ਪੁੰਨ ਸੋਨੇ ਦੇ ਸੌ ਮੰਦਰ ਉਸਾਰ ਦੇਣ ਦੇ ਬਰਾਬਰ ਹੈ। (ਇਸ ਲਈ ਗੁਰਬਾਣੀ ਸਿਖਾਉਣ ਦੀ ਸੇਵਾ ਇਮਾਰਤਾਂ ਉਸਾਰਨ ਨਾਲੋਂ ਵਧੇਰੇ ਉਤਸ਼ਾਹ ਨਾਲ ਕਰਨੀ ਚਾਹੀਦੀ ਹੈ।)

Teaching a stanza of Gurbani to a 'Sikh' is as good a deed as building a hundred temples of gold.
(So we should lay more emphasis on teaching Gurshabad rather than building more and more grand temples.)



© ATAM PARGAS SOCIAL WELFARE COUNCIL

## ੮. ਸਾਕਤ (ਪਰਮਾਤਮਾ ਨਾਲੋਂ ਟੁੱਟੇ ਮਨੁੱਖ) ਦੀ ਸੰਗਤ ਤੋਂ ਮਨ ਨੂੰ ਵਰਜਣ ਸਮੇਂ

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥

© ATAM PARGAS SOCIAL WELFARE COUNCIL

## ੮. ਸਾਕਤ (ਪਰਮਾਤਮਾ ਨਾਲੋਂ ਟੁੱਟੇ ਮਨੁੱਖ) ਦੀ ਸੰਗਤ ਤੋਂ ਮਨ ਨੂੰ ਵਰਜਣ ਸਮੇਂ

# ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥

(ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੧੩੭੨)



ਹੇ ਕਬੀਰ! ਸਾਕਤ (ਰੱਬ ਨਾਲੋਂ ਟੁੱਟੇ ਬੁਰੇ ਮਨੁੱਖ) ਨਾਲੋਂ ਤਾਂ ਸੂਰ ਹੀ ਚੰਗਾ ਹੈ। ਕਿਉਂਕਿ, ਵਿਕਾਰਾਂ ਵਿੱਚ ਪਿਆ ਸਾਕਤ ਸਾਰੀ ਉਮਰ ਗੰਦਗੀ ਖਿਲਾਰਦਾ ਹੈ, ਪਰ ਸੂਰ ਪਿੰਡ ਦੀ ਗੰਦਗੀ ਖਾ ਕੇ ਪਿੰਡ ਨੂੰ ਸਾਫ਼ ਰੱਖਦਾ ਹੈ।

O Kabeer! Even a swine is better than an atheist. Because an atheist pollutes the society (with his evil-mindedness), while swine keeps the village clean.

© ATAM PARGAS SOCIAL WELFARE COUNCIL

# ੧੧. ਸੇਵਾ ਔਖੀ ਲੱਗਣ ਸਮੇਂ

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥



© ATAM PARGAS SOCIAL WELFARE COUNCIL

# ੧੧. ਸੇਵਾ ਔਖੀ ਲੱਗਣ ਸਮੇਂ

## ਸਤਗੁਰ ਕੀ ਸੇਵਾ ਗਾਖੜੀ  ਸਿਰੁ ਦੀਜੈ ਆਪੁ ਗਵਾਇ॥

(ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੨੭)



ਸੱਚੇ ਗੁਰੂ ਜੀ ਦੀ ਸੇਵਾ ਕਰਨੀ ਬੜੀ ਔਖੀ ਹੈ, ਇਹ ਸਿਰ ਦੇ ਕੇ (ਆਪਾ ਭਾਵ ਗੁਆ ਕੇ) ਹੀ ਕੀਤੀ ਜਾ ਸਕਦੀ ਹੈ। ਇਸ ਪ੍ਰਥਾਇ ਬਾਬਾ ਅਮਰੂ ਜੀ (ਬਾਅਦ ਵਿੱਚ ਸ੍ਰੀ ਗੁਰੂ ਅਮਰਦਾਸ ਜੀ) ਵੱਲੋਂ ਬਿਰਧ ਅਵਸਥਾ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਪਾਣੀ ਭਰ ਕੇ ਲਿਆਉਣ ਲਈ ਨੇਮ ਅਤੇ ਸ਼ਰਧਾ ਨਾਲ ਕੀਤੀ ਗਈ ਸੇਵਾ, ਸਾਡੇ ਲਈ ਮਹਾਨ ਪ੍ਰੇਰਨਾ ਸਰੋਤ ਹੈ।

*Sewa* (selfless service) of the true Guru is very difficult. It can be performed only by complete submission to the Guru. The selfless service performed by Baba Amaroo Ji (later Sri Guru Amardas Ji) for fetching water from river Beas for bathing of Sri Guru Angad Dev Ji is a role model of *sewa*.

© ATAM PARGAS SOCIAL WELFARE COUNCIL

# ਪ੍ਰਸ਼ਨ ਪੱਤਰ

(ੳ) ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਕਿਸ ਸਮੇਂ ਪ੍ਰੇਰਨਾਮਈ ਹੋ ਕੇ ਜੀਵਨ ਸਫ਼ਲਾ ਕਰਨ ਦੀ ਪ੍ਰੇਰਨਾ ਕਰਦੀਆਂ ਹਨ?

੧. ਹਰਿ ਬਿਸਰਤ ਸਦਾ ਖੁਆਰੀ॥ ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥

੨. ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।

੩. ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

੪. ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥

(ਅ) ਮਿਲਾਨ ਕਰੋ:

| | | |
|---|---|---|
| ੧. ਸਾਰਿਆਂ ਨੂੰ ਪਰਮਾਤਮਾ ਦਾ ਨਾਮ ਜਪਣ ਦੀ ਅਜ਼ਾਦੀ ਦਾ ਸਿਧਾਂਤ ਦ੍ਰਿੜ੍ਹਾਉਣ ਸਮੇਂ | ☐ | ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ |
| ੨. ਪਰਾਈ ਵਸਤੂ ਦੀ ਲਾਲਸਾ ਸਮੇਂ | ☐ | ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ |
| ੩. ਵੈਰੀ ਦੀ ਵੀ ਸਹਾਇਤਾ ਕਰਨ ਸਮੇਂ | ☐ | ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ |
| ੪. ਪੁੰਨ ਅਤੇ ਪਾਪ ਦਾ ਭੇਦ ਸਮਝਣ ਸਮੇਂ | ☐ | ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ |

(ੲ) ਹੇਠਾਂ ਲਿਖੇ ਸਮਿਆਂ 'ਤੇ ਪ੍ਰੇਰਨਾ ਲਈ ਗੁਰਬਾਣੀ ਵਿੱਚੋਂ ਢੁਕਵੇਂ ਫ਼ਰਮਾਨ ਲਿਖ ਕੇ ਲਗਭਗ ੧੫੦ ਸ਼ਬਦਾਂ ਵਿੱਚ ਵਿਆਖਿਆ ਕਰੋ:

੧. ਰਹਿਤ ਦੀ ਮਹੱਤਤਾ ਸਮਝਣ ਸਮੇਂ

੨. ਧਰਤੀ ਦੇ ਸਹਾਰੇ ਦਾ ਗਿਆਨ ਹਾਸਲ ਕਰਨ ਸਮੇਂ

੩. ਸਾਕਤ (ਪਰਮਾਤਮਾ ਨਾਲੋਂ ਟੁੱਟੇ ਮਨੁੱਖ) ਦੀ ਸੰਗਤ ਤੋਂ ਮਨ ਨੂੰ ਵਰਜਣ ਸਮੇਂ

੪. ਸ਼ਸਤਰਾਂ ਦੀ ਮਹੱਤਤਾ ਸਮਝਣ ਸਮੇਂ

(ਸ) ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਨੂੰ ਦ੍ਰਿਸ਼ਟਮਾਨ ਕਰਦੇ ਚਿੱਤਰ ਬਣਾਉ:

੧. ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

੨. ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥

© ATAM PARGAS SOCIAL WELFARE COUNCIL

# ਆਤਮ ਪਰਗਾਸ ਪੁਸਤਕ ਸੀਰੀਜ਼ ਨੂੰ ਸਕੂਲ ਸਿਲੇਬਸ ਵਿੱਚ ਵਰਤਣ ਦੀ ਵਿਧੀ

| ਸ਼੍ਰੇਣੀ | ਪੁਸਤਕਾਂ | ਵਿਸ਼ਾ |
|---|---|---|
| ਨਰਸਰੀ | ਗੁਰਮੁਖੀ ਅੱਖਰ ਗਿਆਨ | ਪੰਜਾਬੀ |
| ਐੱਲ.ਕੇ.ਜੀ. | ਗੁਰਮੁਖੀ ਅੱਖਰ ਅਭਿਆਸ | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਪਹਿਲਾ) | ਪੰਜਾਬੀ |
| ਯੂ.ਕੇ.ਜੀ. | ਪੰਜਾਬੀ ਅਭਿਆਸ ਪੁਸਤਕ (ਭਾਗ ਦੂਜਾ) | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਤੀਜਾ) | ਪੰਜਾਬੀ |
| | Atam Pargas Art Book (Part 1) | ਡਰਾਇੰਗ |
| ਪਹਿਲੀ | ਪੰਜਾਬੀ ਅਭਿਆਸ ਪੁਸਤਕ (ਭਾਗ ਚੌਥਾ) | ਪੰਜਾਬੀ |
| | Atam Pargas Art Book (Part 2) | ਡਰਾਇੰਗ |
| | Atam Pargas Scrap Book (Part 1) | ਆਰਟਸ / ਸੋਸ਼ਲ ਸਾਇੰਸ |
| ਦੂਜੀ | Atam Pargas Scrap Book (Part 2) | ਆਰਟਸ / ਸੋਸ਼ਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਪਹਿਲਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਪਹਿਲਾ) | ਡਰਾਇੰਗ |
| ਤੀਜੀ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਦੂਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਦੂਜਾ) | ਡਰਾਇੰਗ |
| ਚੌਥੀ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਤੀਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਤੀਜਾ) | ਡਰਾਇੰਗ |
| ਪੰਜਵੀਂ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਚੌਥਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਚੌਥਾ) | ਡਰਾਇੰਗ |
| ਛੇਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਪਹਿਲਾ) | ਆਰਟਸ / ਮੌਰਲ ਸਾਇੰਸ |
| | Sikh History Cards (Part 1) / ਸਿੱਖ ਇਤਿਹਾਸ ਕਾਰਡ (ਭਾਗ ਪਹਿਲਾ) | ਮੌਰਲ ਸਾਇੰਸ |
| ਸੱਤਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਦੂਜਾ) | ਆਰਟਸ / ਮੌਰਲ ਸਾਇੰਸ |
| | Sikh History Cards (Part 2) / ਸਿੱਖ ਇਤਿਹਾਸ ਕਾਰਡ (ਭਾਗ ਦੂਜਾ) | ਮੌਰਲ ਸਾਇੰਸ |
| ਅੱਠਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਤੀਜਾ) | ਆਰਟਸ / ਮੌਰਲ ਸਾਇੰਸ |
| ਨੌਂਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਚੌਥਾ) | ਆਰਟਸ / ਮੌਰਲ ਸਾਇੰਸ |

**ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਿਤ ਕਰਨ ਦੀ ਜ਼ੁੰਮੇਵਾਰੀ ਨਿਭਾ ਸਕਦੀਆਂ ਹਨ।**

© ATAM PARGAS SOCIAL WELFARE COUNCIL

ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਿਲੇਬਸ ਲਈ ਇੱਕ ਸੁਗਾਤ

# ਆਤਮ ਪਰਗਾਸ ਪੁਸਤਕ ਸੀਰੀਜ਼










ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀਆਂ ਚਾਹਵਾਨ ਵਿੱਦਿਅਕ ਸੰਸਥਾਵਾਂ ਇਨ੍ਹਾਂ ਪੁਸਤਕਾਂ ਨੂੰ ਸਕੂਲ ਸਿਲੇਬਸ ਵਿੱਚ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇਣ ਦੇ ਨਾਲ-ਨਾਲ ਉਨ੍ਹਾਂ ਅੰਦਰ ਨੈਤਿਕ, ਬੌਧਿਕ ਅਤੇ ਸੱਭਿਅਕ ਵਿਕਾਸ ਨੂੰ ਪ੍ਰਫੁੱਲਿਤ ਕਰਨ ਦੀ ਜ਼ੁੰਮੇਵਾਰੀ ਨਿਭਾ ਸਕਦੀਆਂ ਹਨ।

ਇਨ੍ਹਾਂ ਪੁਸਤਕਾਂ ਨੂੰ ਪਾਠ ਪੁਸਤਕਾਂ ਵਜੋਂ ਵਰਤਣ ਦੀ ਵਿਧੀ ਅੰਦਰਲੇ ਟਾਈਟਲ ਪੰਨੇ ਤੇ ਪੜ੍ਹੋ ਜੀ।

© ATAM PARGAS SOCIAL WELFARE COUNCIL

ATAM PARGAS

## ਆਤਮ ਪਰਗਾਸ ਪ੍ਰੋਡਕਸ਼ਨਸ

### ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

99, ਪ੍ਰੀਤ ਵਿਹਾਰ, ਦਾਦ, ਪੱਖੋਵਾਲ ਰੋਡ, ਲੁਧਿਆਣਾ-142 022

+91-82880-10531 / 32 / 33 atampargas@gmail.com www.atampargas.org

Follow us :

9788194357360
ISBN : 978-81-943573-6-0
(Set - ISBN : 978-81-943573-5-3)
₹110/-
US$ 5.0